## ਬੁਕਿੰਗਸ

ਬੁਕਿੰਗਸ, ਸਿਟੀ ਹਾਲ (City Hall) ਵਿਖੇ ਸਥਿਤ ਸਿਟੀ ਕਲਰਕ ਦੇ ਆਫਿਸ ਵਿਖੇ, ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:30 ਵਜੇ ਤੋਂ ਸ਼ਾਮ 4 ਵਜੇ ਤੱਕ (ਕਨੂੰਨੀ ਛੁੱਟੀਆਂ ਨੂੰ ਛੱਡ ਕੇ) ਜਾਂ ਔਨਲਾਈਨ, www.brampton.ca/SkipTheLine ਤੇ ਕੀਤੀਆਂ ਜਾ ਸਕਦੀਆਂ ਹਨ

- ਤਾਰੀਖਾਂ ਅਤੇ ਸਮੇਂ ਉਪਲਬਧਤਾ ਦੇ ਅਧੀਨ ਹਨ।
- ਸਮਾਰੋਹ ਦੀ ਬੁਕਿੰਗ ਤੋਂ ਪਹਿਲਾਂ ਵਿਆਹ ਦਾ ਵੈਧ ਲਾਇਸੈਂਸ ਖਰੀਦਣਾ ਲਾਜ਼ਮੀ ਹੈ।

## ਸਥਾਨ

ਸਿਵਿਲ ਵਿਆਹ ਸਮਾਰੋਹ, 2 ਵੈਲਿੰਗਟਨ ਸਟ੍ਰੀਟ ਵੈਸਟ, ਬ੍ਰੈਂਪਟਨ (2 Wellington St. W. Brampton) ਵਿਖੇ ਸਥਿਤ ਬ੍ਰੈਂਪਟਨ ਸਿਟੀ ਹਾਲ ਵਿੱਚ, ਮੰਗਲਵਾਰ ਤੋਂ ਸ਼ੁੱਕਰਵਾਰ ਤੱਕ, ਕਾਰਜ ਸਮੇਂ ਦੇ ਅੰਦਰ ਕੀਤੇ ਜਾਂਦੇ ਹਨ (ਕਨੂੰਨੀ ਛੁੱਟੀਆਂ ਨੂੰ ਛੱਡ ਕੇ)। ਇਸ ਸਥਾਨ ਵਿਖੇ ਅਧਿਕਤਮ ਅੱਠ (8) ਵਿਅਕਤੀ ਆ ਸਕਦੇ ਹਨ, ਜਿਹਨਾਂ ਵਿੱਚ ਸ਼ਾਮਲ ਹਨ, ਬਿਨੈਕਾਰ, ਗਵਾਹ ਅਤੇ ਮਹਿਮਾਨ (ਇਹਨਾਂ ਦੇ ਇਲਾਵਾਂ ਹੋਰਾਂ ਦੀ ਇਜਾਜ਼ਤ ਨਹੀਂ ਹੈ)। ਜੋੜਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਮਾਰੋਹ ਲਈ ਕੱਪੜੇ ਪਹਿਨ ਕੇ ਤਿਆਰ ਹੋ ਕੇ ਹੀ ਆਉਣ ਕਿਉਂਕਿ ਉੱਥੇ ਕੱਪੜੇ ਬਦਲਣ ਦੀ ਕੋਈ ਸਹੂਲਤ ਨਹੀਂ ਹੈ। ਨਿੱਜੀ ਪੋਸ਼ਾਕ, ਸਮਾਰੋਹ ਦੇ ਮੁਤਾਬਕ ਹੋਣੀ ਚਾਹੀਦੀ ਹੈ, ਤਾਂ ਜੋ ਸਮਾਰੋਹ ਦਾ ਸਨਮਾਨ ਕਾਇਮ ਰੱਖਿਆ ਜਾ ਸਕੇ, ਹਾਲਾਂਕਿ ਵਿਆਹ ਵਾਲੀ ਰਸਮੀ ਪੋਸ਼ਾਕ ਜ਼ਰੂਰੀ ਨਹੀਂ ਹੈ।



ਅੱਜ ਹੀ ਆਪਣਾ ਸਿਵਿਲ ਵਿਆਹ ਸਮਾਰੋਹ ਔਨਲਾਈਨ,
**www.brampton.ca/SkipTheLine**
ਤੇ ਬੁੱਕ ਕਰੋ ਜਾਂ
ਸਿਟੀ ਕਲਰਕ ਦੇ ਆਫਿਸ ਜਾਓ!

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਿਟੀ ਕਲਰਕ ਦੇ ਆਫਿਸ ਨੂੰ 905.874.2101 ਤੇ ਸੰਪਰਕ ਕਰੋ ਜਾਂ ਸਾਡੇ ਕੋਲ ਬ੍ਰੈਂਪਟਨ ਸਿਟੀ ਹਾਲ 2 ਵੈਲਿੰਗਟਨ ਸਟ੍ਰੀਟ ਵੈਸਟ ਵਿਖੇ ਆਓ

ਬੇਨਤੀ ਕਰਨ ਤੇ ਵਿਕਲਪਿਕ ਫੌਰਮੈਟ ਉਪਲਬਧ ਹਨ।

BRAMPTON



# ਸਿਵਿਲ ਵਿਆਹ ਸਮਾਰੋਹ

## ਸਮਾਰੋਹ

- ਸਮਾਰੋਹ 30 ਮਿੰਟਾਂ ਤੱਕ ਦਾ ਹੁੰਦਾ ਹੈ।
- ਫੁੱਲਾਂ ਦੀ ਥੋੜ੍ਹੀ ਜਿਹੀ ਸਜਾਵਟ ਦੀ ਇਜਾਜ਼ਤ ਹੈ ਪਰੰਤੂ ਉਹ ਸਮਾਰੋਹ ਖਤਮ ਹੋਣ ਤੇ ਬਿਨੈਕਾਰਾਂ ਵੱਲੋਂ ਹਟਾਏ ਜਾਣੇ ਲਾਜ਼ਮੀ ਹਨ।
- ਸਮਾਰੋਹ ਵਿੱਚ ਜਾਂ ਸਿਟੀ ਹਾਲ ਦੇ ਗ੍ਰਾਉਂਡਾਂ ਤੇ ਮੋਮਬੱਤੀਆਂ, ਰੰਗ-ਬਿਰੰਗੇ ਕਾਗਜਾਂ ਦੇ ਟੁਕੜਿਆਂ, ਚੌਲਾਂ, ਧੂਫ, ਬੁਲਬੁਲਿਆਂ ਜਾਂ ਇਹੋ ਜਿਹੀਆਂ ਹੋਰ ਵਸਤਾਂ ਦੀ ਇਜਾਜ਼ਤ ਨਹੀਂ ਹੈ।

## ਦੁਭਾਸ਼ੀਏ

ਬਿਨੈਕਾਰ(ਰਾਂ) ਲਈ ਦੁਭਾਸ਼ੀਆ ਪ੍ਰਦਾਨ ਕਰਨਾ ਜ਼ਰੂਰੀ ਹੈ, ਜੇਕਰ ਉਹ ਪੂਰੀ ਤਰ੍ਹਾਂ ਅੰਗਰੇਜ਼ੀ ਪੜ੍ਹਦੇ ਜਾਂ ਸਮਝਦੇ ਨਹੀਂ ਹਨ।

- ਦੁਭਾਸ਼ੀਏ ਲਈ ਜ਼ਰੂਰੀ ਹੋਵੇਗਾ ਕਿ ਉਹ ਵਿਆਹ ਸਮਾਰੋਹ ਤੋਂ ਪਹਿਲਾਂ ਵੈਧ ਫੋਟੋ ਪਛਾਣ ਪ੍ਰਦਾਨ ਕਰੇ ਅਤੇ ਦੁਭਾਸ਼ੀਏ ਦੀ ਸਹੁੰ ਫਾਰਮ ਪੂਰਾ ਕਰੇ।
- ਦੁਭਾਸ਼ੀਆ ਗਵਾਹ ਨਹੀਂ ਬਣ ਸਕਦਾ।




## ਗਵਾਹ

ਵਿਆਹ ਸਮਾਰੋਹ ਦੇ ਦੌਰਾਨ ਦੋ (2) ਗਵਾਹ ਮੌਜੂਦ ਹੋਣੇ ਜ਼ਰੂਰੀ ਹਨ (ਹਰੇਕ ਬਿਨੈਕਾਰ ਲਈ ਇੱਕ)। ਗਵਾਹਾਂ ਨੂੰ ਪ੍ਰਤੀ ਗਵਾਹ 30 ਡਾਲਰ ਦਾ ਖਰਚ ਦਿੱਤਾ ਜਾ ਸਕਦਾ ਹੈ ਅਤੇ ਉਹਨਾਂ ਨੂੰ ਸਮਾਰੋਹ ਤੋਂ ਘੱਟੋ-ਘੱਟ ਤਿੰਨ (3) ਕਾਰਜਦਿਨ ਪਹਿਲਾਂ ਬੁੱਕ ਕੀਤਾ ਜਾਣਾ ਲਾਜ਼ਮੀ ਹੈ।

ਗਵਾਹਾਂ ਦੀ ਉਮਰ ਘੱਟੋ-ਘੱਟ 16 ਸਾਲ ਹੋਣੀ ਲਾਜ਼ਮੀ ਹੈ ਅਤੇ ਉਹ ਉਹ ਪੂਰੀ ਤਰ੍ਹਾਂ ਅੰਗਰੇਜ਼ੀ ਸਮਝਦੇ ਅਤੇ ਬੋਲਦੇ ਹੋਣ।

## ਰੱਦ ਕਰਨ ਦੀ ਪਾਲਸੀ

ਤੈਅ ਕੀਤੇ ਹੋਏ ਸਮਾਰੋਹ ਨੂੰ ਸੱਤ (7) ਕਾਰਜਦਿਨਾਂ ਦੇ ਪਹਿਲਾਂ ਰੱਦ ਕਰਨ ਤੇ ਰਿਫੰਡ ਦਿੱਤਾ ਜਾ ਸਕਦਾ ਹੈ ਅਤੇ ਇਸ ਵਾਸਤੇ 50 ਡਾਲਰ ਪਲਸ ਐਚ.ਐਸ.ਟੀ. (HST) (56.50 ਡਾਲਰ) ਐਡਮਿਨਿਸਟ੍ਰੇਸ਼ਨ ਫੀਸ ਲੱਗਦੀ ਹੈ।

ਤੈਅ ਕੀਤੇ ਹੋਏ ਸਮਾਰੋਹ ਨੂੰ ਸੱਤ (7) ਕਾਰਜਦਿਨਾਂ ਬਾਅਦ ਰੱਦ ਕਰਨ ਤੇ ਰਿਫੰਡ ਨਹੀਂ ਦਿੱਤਾ ਜਾਂਦਾ।

## ਤਾਰੀਖ ਵਿੱਚ ਬਦਲਾਅ

ਸਮਾਰੋਹ ਵਿੱਚ ਸੱਤ (7) ਜਾਂ ਵੱਧ ਕਾਰਜਦਿਨਾਂ ਵਿੱਚ ਤਾਰੀਖ ਬਦਲਣ ਤੇ ਰਿਫੰਡ ਦਿੱਤਾ ਜਾ ਸਕਦਾ ਹੈ ਅਤੇ ਇਸ ਵਾਸਤੇ 50 ਡਾਲਰ ਪਲਸ ਐਚ.ਐਸ.ਟੀ. (HST) (56.50 ਡਾਲਰ) ਐਡਮਿਨਿਸਟ੍ਰੇਸ਼ਨ ਫੀਸ ਲੱਗਦੀ ਹੈ।

ਸਮਾਰੋਹ ਦੇ ਸੱਤ (7) ਕਾਰਜਦਿਨਾਂ ਬਾਅਦ ਤਾਰੀਖ ਬਦਲਣ ਤੇ ਸਮਾਰੋਹ ਰੱਦ ਮੰਨਿਆ ਜਾਵੇਗਾ ਅਤੇ ਇਸਦੇ ਲਈ ਰਿਫੰਡ ਨਹੀਂ ਦਿੱਤਾ ਜਾਂਦਾ। ਤਾਰੀਖ ਜਾਂ ਟਾਈਮ ਸਲੌਟ ਵਿੱਚ ਤਬਦੀਲੀ ਉਪਲਬਧ ਹੋਣ ਤੇ ਹੀ ਕੀਤੀ ਜਾ ਸਕਦੀ ਹੈ।



## ਲੇਟ ਪਾਲਸੀ

ਇਹ ਸਲਾਹ ਦਿੱਤੀ ਜਾਂਦੀ ਹੈ ਕਿ ਸਾਰੀਆਂ ਧਿਰਾਂ (ਜੋੜਾ ਅਤੇ ਦੋ ਗਵਾਹ), ਇਹ ਯਕੀਨੀ ਬਣਾਉਣ ਲਈ ਕਿ ਸਮਾਰੋਹ ਯੋਜਨਾ ਮੁਤਾਬਕ ਹੋਵੇ, ਆਪਣੇ ਤੈਅ ਸਮਾਰੋਹ ਤੋਂ 15 ਮਿੰਟ ਪਹਿਲਾਂ ਇਕੱਠੇ ਪਹੁੰਚ ਜਾਣ।

ਤੈਅ ਸਮਾਰੋਹ ਤੋਂ ਲੇਟ ਪਹੁੰਚਣ ਵਾਲੇ ਬਿਨੈਕਾਰਾਂ, ਗਵਾਹਾਂ ਅਤੇ ਮਹਿਮਾਨਾਂ ਨੂੰ ਜਗ੍ਹਾ ਨਹੀਂ ਦਿੱਤੀ ਜਾਵੇਗੀ – ਇਸ ਵਿੱਚ ਕੋਈ ਛੋਟ ਨਹੀਂ ਹੈ।

ਲੇਟ ਪਹੁੰਚਣ ਵਾਲੇ ਬਿਨੈਕਾਰਾਂ ਨੂੰ “ਗੈਰਹਾਜ਼ਰ” ਮੰਨਿਆ ਜਾਵੇਗਾ, ਸਮਾਰੋਹ ਰੱਦ ਕੀਤਾ ਜਾਵੇਗਾ ਅਤੇ ਫੀਸ ਰਿਫੰਡ ਨਹੀਂ ਕੀਤੀ ਜਾਵੇਗੀ। ਇਸ ਪਾਲਸੀ ਵਿੱਚ ਕੋਈ ਛੋਟਾਂ ਨਹੀਂ ਹਨ।

## ਫੀਸਾਂ

ਸਿਵਿਲ ਸਮਾਰੋਹ ਲਈ ਫੀਸ, 250 ਡਾਲਰ ਪਲਸ ਐਚ.ਐਸ.ਟੀ. (282.50 ਡਾਲਰ) ਹੈ। ਫੀਸ ਵਿੱਚ ਵਿਆਹ ਦੇ ਲਾਇਲੈਂਸ ਦਾ ਖਰਚ ਸ਼ਾਮਲ ਨਹੀਂ ਹੈ, ਜੋ ਵੱਖਰੇ ਤੌਰ ਤੇ ਖਰੀਦਿਆ ਜਾਣਾ ਲਾਜ਼ਮੀ ਹੈ।

- ਇਹ ਫੀਸ ਬੁਕਿੰਗ ਦੇ ਸਮੇਂ ਪੂਰੀ ਦਿੱਤੀ ਜਾਣੀ ਲਾਜ਼ਮੀ ਹੈ।

